# ਤੱਥਸ਼ੀਟ

## ਅਖ਼ਤਿਆਰੀ ਸਮਾਜਕ ਫੰਡ ਕੀ ਹੈ ?

ਸਮਾਜਕ ਫੰਡ [Social Fund] ਸਕੀਮ, ਘੱਟ ਆਮਦਨ ਵਾਲੇ ਲੋਕਾਂ ਨੂੰ ਉਹਨਾਂ ਲਾਗਤਾਂ, ਜਿਹਨਾਂ ਨੂੰ ਬਾਕਾਇਦਾ ਆਮਦਨ ਵਿਚ ਪੂਰਾ ਕਰਨਾ ਮੁਸ਼ਕਿਲ ਹੈ, ਨੂੰ ਪੂਰਾ ਕਰਨ ਲਈ ਗ੍ਰਾਂਟਾਂ ਅਤੇ ਵਿਆਜ ਰਹਿਤ ਕਰਜ਼ੇ ਪ੍ਰਦਾਨ ਕਰਦੀ ਹੈ।

- ਆਮਦਨ ਸਹਾਇਤਾ [Income Support], ਆਮਦਨੀ-ਅਧਾਰਿਤ ਜੌਬਸੀਕਰ ਅਲਾਊਂਸ [Jobseekers Allowance] ਜਾਂ ਸਰਕਾਰੀ ਪੈਨਸ਼ਨਾਂ [State Pensions] ਵਾਲੇ ਲੋਕਾਂ ਲਈ ਭਾਈਚਾਰਕ ਸੰਭਾਲ ਕਰਜ਼ਿਆਂ ਬਾਰੇ ਵਿਚਾਰਿਆ ਜਾ ਸਕਦਾ ਹੈ।
- 26 ਹਫ਼ਤਿਆਂ ਤੋਂ ਆਮਦਨ ਸਹਾਇਤਾ ਜਾਂ ਆਮਦਨੀ-ਅਧਾਰਿਤ ਜੌਬਸੀਕਰ ਅਲਾਊਂਸ ਲੈਣ ਵਾਲੇ ਲੋਕ ਬਜਟਿੰਗ ਕਰਜ਼ੇ ਲਈ ਅਪਲਾਈ ਕਰ ਸਕਦੇ ਹਨ।
- ਢੁਕਵੇਂ ਵਸੀਲਿਆਂ ਤੋਂ ਬਿਨਾਂ ਆਪਣੀਆਂ ਥੋੜ੍ਹੇ ਸਮੇਂ ਦੀਆਂ ਫ਼ੌਰੀ ਲੋੜਾਂ ਲਈ ਲੋਕ, ਸੰਕਟ ਕਰਜ਼ੇ ਵਾਸਤੇ ਅਪਲਾਈ ਕਰ ਸਕਦੇ ਹਨ।

## ਸੁਤੰਤਰ ਜਾਇਜ਼ਾ ਸੇਵਾ [Independent Review Service] ਦੀ ਭੂਮਿਕਾ ਕੀ ਹੈ?

ਸੁਤੰਤਰ ਜਾਇਜ਼ਾ ਸੇਵਾ (IRS) ਬਰਮਿੰਘਮ ਵਿਚਲੀ ਇਕ ਸੁਤੰਤਰ ਵਿਧਾਨਕ ਸੰਸਥਾ ਹੈ। ਇਸਦੀ ਭੂਮਿਕਾ, ਅਖਤਿਆਰੀ ਸਮਾਜਕ ਫ਼ੰਡ ਸਬੰਧੀ ਸੁਤੰਤਰ ਜਾਇਜ਼ੇ ਲੈਣਾ ਹੈ। ਸੁਤੰਤਰ ਜਾਇਜ਼ੇ ਲੈਣ ਬਾਰੇ ਸਮਾਜਕ ਫ਼ੰਡ ਇੰਸਪੈਕਟਰ, ਇਸ ਕੇਸ ਨਾਲ ਸਬੰਧਿਤ ਸਾਰੇ ਹਾਲਾਤ ਦੇ ਅਧਾਰ 'ਤੇ ਆਪਣਾ ਫ਼ੈਸਲਾ ਲਏਗਾ।

## ਤੱਥ ਅਤੇ ਅੰਕੜੇ

IRS:

- ਸਮਾਜਕ ਫ਼ੰਡ ਦੇ ਸਾਡੇ ਜਾਇਜ਼ੇ ਵਾਲੇ ਅੱਧੇ ਫ਼ੈਸਲਿਆਂ ਨੂੰ ਬਦਲ ਦਿੰਦਾ ਹੈ।
- ਸਮਾਜਕ ਫ਼ੰਡ ਦੇ ਆਮ ਕੇਸਾਂ ਬਾਰੇ 12 ਦਿਨਾਂ ਦੇ ਅੰਦਰ ਅੰਦਰ ਫ਼ੈਸਲਾ ਲਏਗਾ।
- ਫ਼ੌਰੀ ਸੰਕਟ ਕਰਜ਼ਿਆਂ ਦਾ 24 ਘੰਟੇ ਦੇ ਅੰਦਰ ਅੰਦਰ ਨਿਪਟਾਰਾ ਕਰਦਾ ਹੈ

## ਹੋਰ ਜਾਣਕਾਰੀ ਕਿਥੋਂ ਲਓ

ਸਾਡੀਆਂ ਸਾਰੀਆਂ ਪ੍ਰਕਾਸ਼ਨਾਵਾਂ ਮੁਫ਼ਤ ਹਨ। ਤੁਸੀਂ ਸਾਡੇ ਪ੍ਰਕਾਸ਼ਨ ਡਾਊਨਲੋਡ ਕਰ ਸਕਦੇ ਹੋ ਅਤੇ ਸਾਡੀ ਵੈਬਸਾਈਟ: **www.irs-review.org.uk** 'ਤੇ ਜਾ ਕੇ ਸੁਤੰਤਰ ਜਾਇਜ਼ਾ ਸੇਵਾ ਬਾਰੇ ਵਧੇਰੇ ਜਾਣਕਾਰੀ ਲੱਭ ਸਕਦੇ ਹੋ।

## ਤੁਸੀਂ IRS ਨਾਲ ਕਿਵੇਂ ਸੰਪਰਕ ਕਰ ਸਕਦੇ ਹੋ

**0121 606 2191** 'ਤੇ ਟੈਲੀਫ਼ੋਨ ਰਾਹੀਂ, **0121 606 2201** 'ਤੇ ਫ਼ੈਕਸ ਰਾਹੀਂ
**0121 606 2188** 'ਤੇ ਮਿਨੀਕੌਮ ਰਾਹੀਂ
**aam@irs-review.org.uk** 'ਤੇ ਈਮੇਲ ਰਾਹੀਂ
ਦਿ ਬਿਜ਼ਨਸ ਟੀਮ **[The Business Team]**, ਨੂੰ **4th Floor, Centre City Podium, 5 Hill Street, Birmingham B5 4UB** 'ਤੇ ਲਿਖਕੇ।